# ਕਰਾਮਾਤ

## 24

ਜਦ ਕੋਈ ਅਨੋਖੀ ਜਾਂ ਅਣਹੋਣੀ ਗੱਲ ਵਾਪਰਦੀ ਹੈ ਤਾਂ ਉਸ ਨੂੰ 'ਕੌਤਕ' ਜਾਂ 'ਕਰਾਮਾਤ' ਕਿਹਾ ਜਾਂਦਾ ਹੈ ।

ਇਸ ਵਿਸ਼ੇ ਨੂੰ ਸਪਸ਼ਟ ਕਰਨ ਲਈ, ਹੇਠਲੇ ਪੱਖਾਂ ਉਤੇ ਵਿਚਾਰ ਕਰਨ ਦੀ ਲੋੜ ਹੈ —

1. ਸਾਡੀ ਮਾਨਸਿਕ ਅਵਸਥਾ ।
2. ਕੁਦਰਤੀ ਕੌਤਕ ਜਾਂ ਇਲਾਹੀ ਕਰਾਮਾਤ ।
3. ਦਿਮਾਗੀ ਸ਼ਕਤੀ ਦੇ ਕ੍ਰਿਸ਼ਮੇ ।
4. ਮਾਨਸਿਕ ਸ਼ਕਤੀ ਦੇ ਕ੍ਰਿਸ਼ਮੇ ।
5. ਆਤਮਿਕ-ਸ਼ਕਤੀ ਦੇ ਕ੍ਰਿਸ਼ਮੇ ।

1. ਸਾਡੀ ਮਾਨਸਿਕ ਅਵਸਥਾ —

ਸਾਡੇ ਉਤੇ ਬਾਹਰਲੇ ਅਚੰਭੇ ਜਾਂ 'ਕਰਾਮਾਤ' ਦਾ ਅਸਰ ਸਾਡੀ ਮਾਨਸਿਕ ਅਵਸਥਾ ਅਨੁਸਾਰ ਹੁੰਦਾ ਹੈ ।

ਜਦ ਬੱਚਾ ਜੰਮਦਾ ਹੈ ਤੇ ਅੱਖਾਂ ਖੋਲ੍ਹਦਾ ਹੈ ਤਾਂ ਉਸ ਨੂੰ ਆਲੇ-ਦੁਆਲੇ ਦਾ ਸਾਰਾ ਦ੍ਰਿਸ਼ ਨਵੀਨ, ਅਨੋਖਾ ਪ੍ਰਤੀਤ ਹੁੰਦਾ ਹੈ ਤੇ ਉਸ ਦੇ ਚਿਹਰੇ ਉਤੇ ਹੈਰਾਨੀ ਜਾਂ ਅਚੰਭੇ ਵਾਲੀ ਅਵਸਥਾ ਦਿਖਾਈ ਦਿੰਦੀ ਹੈ । ਇਸ ਦਾ ਕਾਰਣ ਇਹ ਹੈ ਕਿ ਉਸ ਦੇ ਮਨ ਦੀ 'ਫ਼ਿਲਮ' (film) ਬਿਲਕੁਲ ਕੋਰੀ ਹੁੰਦੀ ਹੈ ਤੇ ਉਹ ਬੱਚਾ ਭੋਲਾ ਹੁੰਦਾ ਹੈ । ਉਸ ਦੀ ਮਾਨਸਿਕ 'ਫ਼ਿਲਮ' ਤੇ ਜੋ ਪਹਿਲਾ ਅਕਸ ਪੈਂਦਾ ਹੈ, ਉਹੋ ਹੀ ਬੱਚੇ ਲਈ ਨਵੀਨ, ਅਨੋਖੀ ਹੈਰਾਨ ਕਰਨ ਵਾਲੀ 'ਕਰਾਮਾਤ' ਜਾਪਦੀ ਹੈ । ਕੁਝ ਦੇਰ ਬਾਦ ਬੱਚੇ ਦੀ ਇਸ ਦ੍ਰਿਸ਼ ਨਾਲ ਜਾਣ-ਪਹਿਚਾਣ ਹੋ ਜਾਂਦੀ ਹੈ, ਫੇਰ ਇਹ 'ਦ੍ਰਿਸ਼' ਉਸ ਲਈ ਨਵੀਨ ਅਨੋਖਾ ਨਹੀਂ ਰਹਿੰਦਾ ਤੇ ਉਸ ਦੀ ਹੈਰਾਨੀ ਨਹੀਂ ਰਹਿੰਦੀ।

ਏਸੇ ਤਰ੍ਹਾਂ ਪਛੜੇ ਹੋਏ ਇਲਾਕਿਆਂ ਵਿਚ ਜਦ ਪਹਿਲਾਂ-ਪਹਿਲਾਂ ਲਾਲਟੈਨ, ਸਾਈਕਲ, ਮੋਟਰ, ਬਿਜਲੀ, ਰੇਲ-ਗੱਡੀ, ਹਵਾਈ ਜਹਾਜ਼ ਆਦਿ ਗਏ ਤਾਂ ਇਹ ਨਵੀਨ, ਅਨੋਖੇ ਦ੍ਰਿਸ਼ ਉਥੇ ਦੀ ਜਨਤਾ ਲਈ ਹੈਰਾਨਕੁਨ, 'ਕਰਾਮਾਤ' ਪ੍ਰਤੀਤ ਹੋਏ । ਅੱਜਕਲ੍ਹ ਭੀ ਵਿਗਿਆਨ

ਦੀ ਇਤਨੀ ਤਰੱਕੀ ਹੋ ਗਈ ਹੈ ਕਿ ਨਿਤ ਨਵੀਆਂ 'ਕਾਢਾਂ' ਨਿਕਲ ਰਹੀਆਂ ਹਨ । ਇਹ ਸਾਡੀ ਸਧਾਰਣ ਬੁੱਧੀ ਲਈ ਨਵੀਨ, ਅਨੋਖੀਆਂ, ਹੈਰਾਨ ਕਰਨ ਵਾਲੀਆ ਕਰਾਮਾਤਾਂ ਜਾਂ ਕੌਤਕ ਪ੍ਰਤੀਤ ਹੁੰਦੇ ਹਨ, ਪਰ ਸਹਿਜੇ-ਸਹਿਜੇ ਜਦ ਸਾਡੀ ਬਿਰਤੀ ਇਨ੍ਹਾਂ 'ਦ੍ਰਿਸ਼ਾਂ' ਨਾਲ 'ਹੰਢ' ਜਾਂਦੀ ਹੈ ਤਾਂ ਉਹੀ 'ਦ੍ਰਿਸ਼' ਸਾਡੇ ਲਈ ਸਧਾਰਣ ਹੋ ਜਾਂਦੇ ਹਨ ।

2. ਕੁਦਰਤ ਦੇ ਇਲਾਹੀ ਕੌਤਕ —

ਕੁਦਰਤ ਵਿਚ, ਇਲਾਹੀ 'ਹੁਕਮ' ਅਨੁਸਾਰ ਨਿਤਾ-ਪ੍ਰਤੀ, ਨਿਮਖ-ਨਿਮਖ, ਬੇਅੰਤ ਅਨੋਖੇ ਕੌਤਕ ਜਾਂ ਕਰਾਮਾਤਾਂ ਵਰਤ ਰਹੀਆਂ ਹਨ, ਪਰ ਇਨ੍ਹਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿਚ ਵਰਤਦਿਆਂ ਦੇਖ ਕੇ, ਅਸੀਂ ਇਤਨੇ 'ਹੰਢ' ਗਏ ਹਾਂ ਕਿ ਇਨ੍ਹਾਂ ਦਾ ਵਾਪਰਨਾ, ਸਾਡੇ ਲਈ ਸਧਾਰਣ ਹੋ ਗਿਆ ਹੈ ਤੇ ਇਨ੍ਹਾਂ ਵਿਚ ਸਾਨੂੰ ਕੋਈ 'ਅਨੋਖਾ-ਪਨ' ਜਾਂ ਕੌਤਕ ਪ੍ਰਤੀਤ ਨਹੀਂ ਹੁੰਦਾ ।

ਇਸ ਤੋਂ ਇਲਾਵਾ ਸਾਡੇ ਮਨ ਨੂੰ 'ਮਾਇਕੀ ਰੰਗਣ ਦੀ ਪਾਣ' ਇਤਨੀ ਗੂੜ੍ਹੀ ਚੜ੍ਹ ਗਈ ਹੈ ਕਿ ਅਸੀਂ ਇਨ੍ਹਾਂ ਸੂਖਮ ਕੁਦਰਤੀ 'ਕੌਤਕਾਂ' ਨੂੰ ਸਮਝਣ, ਵਿਚਾਰਨ ਤੇ ਅਨੁਭਵ ਕਰਨ ਤੋਂ ਅਸਮਰਥ ਹੋ ਗਏ ਹਾਂ ।

ਉਦਾਹਰਣ ਵਜੋਂ ਗੁਲਾਬ ਦੇ ਬੂਟੇ ਦੇ ਪੁੰਗਰਨ ਤੋਂ ਲੈ ਕੇ 'ਫੁੱਲ' ਦੇ ਖਿੜਨ ਤਕ, ਅਨੇਕ ਕੁਦਰਤੀ ਕੌਤਕ ਵਰਤਦੇ ਹਨ । ਇਸ ਦੀਆਂ ਖ਼ਾਸ ਕਿਸਮ ਦੀਆਂ ਟਾਹਣੀਆਂ ਤੇ ਪੱਤੇ ਹੁੰਦੇ ਹਨ, ਤੇ ਉਨ੍ਹਾਂ ਦੇ ਬਚਾਓ ਲਈ ਕੰਡੇ ਉਗਦੇ ਹਨ । ਫੇਰ ਡੋਡੀਆਂ ਲਗਦੀਆਂ ਹਨ । ਇਹ ਡੋਡੀਆਂ ਵਧਦੀਆਂ ਹੋਈਆਂ ਜਦ ਜੋਬਨ ਤੇ ਆਉਂਦੀਆਂ ਹਨ ਤਾਂ ਖਿੜਦੀਆਂ ਹਨ। ਇਸ ਤਰ੍ਹਾਂ 'ਫੁੱਲ' ਦੀ ਹਸਤੀ ਬਣਦੀ ਹੈ ਪਰ ਫੁੱਲ ਦੀ ਅਨੋਖੀ ਤੇ ਮਨਮੋਹਣੀ 'ਹਸਤੀ' ਨੂੰ ਤਿਆਰ ਕਰਨ ਲਈ ਕੁਦਰਤ ਦਾ —

ਕਿੰਨਾ ਜ਼ੋਰ ਲਗਾ<br>
ਕਿੰਨੀ ਸਿਆਣਪ ਵਰਤੀ<br>
ਕਿੰਨੀ ਘਾਲਣਾ ਘਾਲੀ<br>
ਕਿੰਨੀ ਰਾਖੀ ਕੀਤੀ<br>
ਕਿੰਨੀ ਪਰਵਰਿਸ਼ ਕੀਤੀ<br>
ਕਿੰਨੀ ਉਡੀਕ ਕੀਤੀ ।

ਇਸ ਦੀ ਬਾਬਤ ਸਾਨੂੰ ਸੋਚਣ, ਵਿਚਾਰਨ ਦੀ ਫੁਰਸਤ ਅਥਵਾ ਲੋੜ ਹੀ ਨਹੀਂ ।

ਇਹ ਫੁੱਲ ਸਾਨੂੰ ਦਿਲ ਖਿਚਵੇਂ ਰੰਗ, ਅਨੋਖੀ ਕੋਮਲਤਾ, ਮਨ-ਮੋਹਣੀ ਸੁਹੱਪਣਤਾ, ਮਿਠੀ ਮਹਿਕ ਪ੍ਰਦਾਨ ਕਰਦਾ ਹੈ ।

ਪਰ ਇਸ ਦੇ ਅੰਤ੍ਰੀਵ ਅਚੰਭੇ ਵਾਲੇ ਕੁਦਰਤੀ ਕੌਤਕਾਂ ਦੀ ਕੀਮਤ ਤਾਂ ਕੀ ਪਾਉਣੀ

ਸੀ, ਅਸੀਂ ਤਾਂ ਇਸ ਦੇ ਉਪਰ ਦਸੇ — ਬਾਹਰਲੇ ਗੁਣਾਂ ਨੂੰ ਮਾਨਣ ਤੋਂ ਭੀ ਬੇ-ਪ੍ਰਵਾਹ ਹਾਂ।

ਏਥੇ ਹੀ ਬਸ ਨਹੀਂ । ਗੁਲਾਬ ਦੇ ਫੁੱਲ ਨੂੰ ਅਸੀਂ ਆਪਣੀ ਖੁਦਗਰਜ਼ੀ ਵਿਚ ਤੋੜ ਕੇ ਸਜਾਵਟ ਲਈ ਵਰਤਦੇ ਹਾਂ, ਜਾਂ ਤੋੜ-ਮਰੋੜ ਕੇ ਪੈਰਾਂ ਹੇਠ ਲਤਾੜਦੇ ਹਾਂ, ਅਤੇ ਇਸ ਤਰ੍ਹਾਂ ਫੁੱਲ ਨੂੰ ਉਸ ਦੀ 'ਮਾਂ-ਰੂਪੀ' ਟਾਹਣੀ ਨਾਲੋਂ ਤੋੜ ਕੇ ਵਿਛੋੜਦੇ ਹਾਂ। ਇਸ ਤੋਂ ਇਲਾਵਾ ਬਹੁਤ ਸਾਰੇ ਫੁੱਲਾਂ ਨੂੰ ਉਬਾਲ ਕੇ ਇਨ੍ਹਾਂ ਦਾ ਅਰਕ (essence) ਕੱਢ ਕੇ ਆਪਣੇ ਸੁਆਰਥ ਲਈ ਵੇਚਦੇ ਹਾਂ ।

ਇਤਨੇ ਤਸੀਹੇ ਤੇ ਜ਼ੁਲਮ ਸਹਾਰਨ ਦੇ ਬਾਵਜੂਦ, ਫੁੱਲ ਕੋਈ ਰੋਸ ਨਹੀਂ ਕਰਦਾ, ਬਲਕਿ ਆਪਣੇ ਉਤੇ ਅਤਿਆਚਾਰ ਕਰਨ ਵਾਲਿਆਂ ਬੰਦਿਆਂ ਨੂੰ ਭੀ, ਕੁਰਬਾਨੀ ਕਰਕੇ ਆਪਣੀ ਅਨੋਖੀ, ਕੀਮਤੀ ਖੁਸ਼ਬੋ ਦਿੰਦਾ ਹੈ ਤੇ ਸ਼ਿਕਾਇਤ ਨਹੀਂ ਕਰਦਾ ।

ਇਸ ਤਰ੍ਹਾਂ ਫੁੱਲ ਚੁਪ-ਚੁਪੀਤੇ ਹੀ, ਆਪਣੀ 'ਰਹਿਣੀ-ਸਹਿਣੀ' ਦੁਆਰਾ, ਸਾਨੂੰ ਗੁਰਬਾਣੀ ਦਾ ਉਪਦੇਸ਼ ਸਿਖਾ ਰਿਹਾ ਹੈ —

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ (**ਪੰਨਾ**-1382)

'ਗੁਲਾਬ' ਉਚੇ-ਨੀਵੇਂ, ਪਾਪੀ-ਪੁੰਨੀ, ਅਮੀਰ-ਗਰੀਬ ਨਾਲ ਕਿਸੇ ਕਿਸਮ ਦਾ ਵਿਤਕਰਾ ਨਹੀਂ ਕਰਦਾ । ਸਾਰਿਆਂ ਨੂੰ ਇਕਸਾਰ ਆਪਣੀ ਖੁਸ਼ਬੋ, ਸਹਿਜ ਸੁਭਾਇ, ਅਣਜਾਣੇ, ਚੁਪ-ਚੁਪੀਤੇ, ਅਛੋਪ ਹੀ, ਪ੍ਰਦਾਨ ਕਰੀ ਜਾਂਦਾ ਹੈ । ਇਸ ਤਰ੍ਹਾਂ ਆਪਣੇ ਜੀਵਨ ਦੀ 'ਰਹਿਣੀ-ਸਹਿਣੀ' ਦੁਆਰਾ ਗੁਰਬਾਣੀ ਦੇ ਹੇਠਲੇ ਉਪਦੇਸ਼ ਕਮਾ ਰਿਹਾ ਹੈ ਤੇ ਇਨ੍ਹਾਂ ਉਪਦੇਸ਼ਾਂ ਦਾ ਬਿਨ-ਬੋਲੇ ਹੀ ਪ੍ਰਚਾਰ ਕਰ ਰਿਹਾ ਹੈ —

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥ (**ਪੰਨਾ**–10)

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥ (**ਪੰਨਾ**-713)

ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥ (**ਪੰਨਾ**-784)

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ (**ਪੰਨਾ**-273)

ਪਰ ਸਾਡਾ ਮਨ ਮਾਇਆ ਦੇ 'ਜੰਗ' ਨਾਲ ਇਤਨਾ ਮਨੂੰਰ ਹੋ ਗਿਆ ਹੈ ਕਿ ਕੁਦਰਤ ਦੇ ਸਿਰਫ਼ ਇਕ ਕਿਣਕੇ 'ਗੁਲਾਬ' ਦੀ 'ਚੁਪ-ਜੀਵਨ-ਕਥਾ' ਨੂੰ ਸਮਝਣ, ਬੁਝਣ, ਵਿਚਾਰਨ ਜਾਂ ਅਨੁਭਵ ਕਰਨ ਤੋਂ ਭੀ ਅਸਮਰਥ ਹੈ ਤੇ ਇਨ੍ਹਾਂ ਉਪਦੇਸ਼ਾਂ ਨੂੰ ਕਮਾਉਣਾ ਤਾਂ ਕੀ ਸੀ ਸਗੋਂ ਫੁੱਲ ਦੇ ਰਾਹੀਂ ਇਲਾਹੀ ਦਾਤਾਂ, ਰੰਗਤ, ਕੋਮਲਤਾ,

ਸੁਹੱਪਣ ਅਤੇ ਖੁਸ਼ਬੋ 'ਮਾਨਣ' ਤੋਂ ਭੀ 'ਵਾਂਝੇ' ਜਾ ਰਹੇ ਹਾਂ । ਇਸ ਦੇ ਬਾਵਜੂਦ ਅਸੀਂ ਆਪਣੀ ਅਕਲ, ਸਿਆਣਪ, ਗਿਆਨ ਉਤੇ ਮਾਇਕੀ ਵਡੱਪਣ ਵਿਚ 'ਭਲੇ-ਭਲੇਰੇ' ਬਣ ਕੇ ਆਫ਼ਰੇ ਫਿਰਦੇ ਹਾਂ ।

ਕੀ ਇਹ ਗੁਲਾਬ ਦੇ ਫੁੱਲ ਦੀ 'ਜੀਵਨ ਕਥਾ' ਇਲਾਹੀ ਕੌਤਕ ਅਤੇ ਅਸਚਰਜ ਕਰਾਮਾਤ ਦਾ ਸੱਚਾ-ਸੁੱਚਾ ਪ੍ਰਗਟਾਵਾ ਨਹੀਂ ਹੈ ?

ਇਸੇ ਤਰ੍ਹਾਂ ਇਕ ਹੋਰ ਅਚੰਭੇ ਵਾਲਾ ਉਦਾਹਰਣ 'ਇਨਸਾਨ' ਦੀ ਹਸਤੀ ਹੈ ।

ਇਕ 'ਬਿੰਦ' ਤੋਂ ਇਨਸਾਨ ਦੀ 'ਹੋਂਦ' ਉਪਜੀ ਹੈ ਤੇ ਜਿਸ ਤਰ੍ਹਾਂ —

1. ਮਾਂ ਦੇ ਪੇਟ ਵਿਚ ਬੱਚਾ 'ਨਿੰਮਦਾ' ਹੈ ।
2. ਮਾਂ ਦੇ ਪੇਟ ਵਿਚ ਬੱਚੇ ਨੂੰ ਖ਼ੁਰਾਕ ਪਹੁੰਚਦੀ ਹੈ ।
3. ਮਾਂ ਦੇ ਪੇਟ ਵਿਚ ਬੱਚੇ ਦੇ ਸਰੀਰ ਦੇ ਸਾਰੇ ਅੰਗ ਬਣਦੇ ਹਨ ।
4. ਬੱਚੇ ਵਿਚ 'ਜੀਵਨ-ਰੌਂ' ਪ੍ਰਵੇਸ਼ ਹੁੰਦੀ ਹੈ ।
5. ਬੱਚੇ ਵਿਚ 'ਮਾਂ-ਬਾਪ' ਦੇ ਸਾਰੇ ਸਰੀਰਕ ਤੇ ਮਾਨਸਿਕ 'ਤੱਤਾਂ' ਦਾ ਪ੍ਰਤਿਬਿੰਬ ਪੈਂਦਾ ਹੈ ।
6. ਮਾਂ ਦੇ ਪੇਟ ਦੀ 'ਜਠਰ-ਅਗਨੀ' ਵਿਚ 9 ਮਹੀਨੇ ਬੱਚਾ ਕੈਦ ਰਹਿੰਦਾ ਹੈ ।
7. ਬੱਚੇ ਦਾ ਕੋਮਲ ਲੋਥੜਾ ਮਾਂ ਦੇ 'ਕੁਹਥੜੇ' ਹਿੱਸੇ ਵਿਚ 'ਪੁੱਠਾ' ਟੰਗਿਆ ਰਹਿੰਦਾ ਹੈ ।

ਅਤੇ ਫੇਰ ਬੱਚੇ ਦੇ ਪੈਦਾ ਹੋਣ ਤੋਂ ਮਗਰੋਂ, ਉਸ ਦੇ ਸਰੀਰ ਦੇ ਵਧਣ-ਫੁੱਲਣ ਲਈ —

1. ਮਾਂ ਦੀਆਂ ਛਾਤੀਆਂ ਵਿਚ ਦੁੱਧ ਆ ਜਾਂਦਾ ਹੈ ।
2. ਜਦ ਕੁਝ ਵੱਡਾ ਹੁੰਦਾ ਹੈ ਤਾਂ ਮਾਂ ਦੇ ਦੁੱਧ ਤੋਂ ਇਲਾਵਾ ਖ਼ੁਰਾਕ ਖਾਣ ਲਈ ਦੰਦ ਨਿਕਲਦੇ ਹਨ ।
3. ਉਮਰ ਅਨੁਸਾਰ ਬੱਚੇ ਦਾ ਸਰੀਰ, ਬੋਲੀ, ਬੁੱਧੀ, ਆਦਿ ਪ੍ਰਫੁਲਤ ਹੁੰਦੀ ਜਾਂਦੀ ਹੈ ।
4. ਜਵਾਨੀ ਵਿਚ ਵਿਸ਼ੇ-ਵਿਕਾਰਾਂ ਦੀ ਰੰਗਤ ਚੜ੍ਹਦੀ ਜਾਂਦੀ ਹੈ ।
5. ਹਉਮੈ ਦੇ ਭਰਮ-ਭੁਲਾਵੇ ਵਿਚ 'ਮੈਂ, ਮੇਰੀ' ਦੇ ਅਸਰ ਹੇਠ ਕਰਮ ਕਰਦਾ ਤੇ ਨਤੀਜੇ ਭੁਗਤਦਾ ਹੈ ।
6. ਅਖੀਰ ਵਿਚ ਬੁੱਢਾ ਹੋ ਕੇ ਸਾਰੇ ਅੰਗ 'ਖਿਰ' ਜਾਂਦੇ ਹਨ ਤੇ ਮੌਤ ਆ

ਜਾਂਦੀ ਹੈ ।

ਰੱਬ ਨੇ ਇਨਸਾਨ ਨੂੰ ਆਪਣੇ ਸਰੂਪ ਵਿਚ ਬਣਾਇਆ ਹੈ ਅਤੇ ਇਸ ਨੂੰ ਆਪਣੀਆਂ ਬੇਅੰਤ ਸ਼ਕਤੀਆਂ ਪ੍ਰਦਾਨ ਕੀਤੀਆਂ ਹਨ । ਜਿਸ ਨਾਲ ਇਨਸਾਨ ਸਰੀਰਕ, ਮਾਨਸਿਕ ਅਤੇ ਆਤਮਿਕ ਸਤਹਿ ਤੇ ਬੇਅੰਤ ਤਰੱਕੀ ਕਰ ਸਕਦਾ ਹੈ । ਇਸ ਤਰੱਕੀ ਦਾ ਕੋਈ ਹੱਦ-ਬੰਨਾ ਨਹੀਂ ਹੈ, ਇਥੋਂ ਤਾਈਂ ਕਿ ਇਨਸਾਨ ਦੀ ਪ੍ਰਵਿਰਤ 'ਜੋਤ' ਪ੍ਰਮੇਸ਼ਰ ਦੀ 'ਅਗੰਮੀ ਜੋਤ' ਵਿਚ 'ਸਮਾ' ਕੇ, ਰੱਬ ਦਾ ਹੀ ਸਰੂਪ ਬਣ ਸਕਦੀ ਹੈ ।

ਇਨਸਾਨ ਦੀ ਉਪਰ ਦੱਸੀ, 'ਜੀਵਨ-ਕਥਾ' ਅਤੇ ਇਸ ਦੀ ਤਰੱਕੀ ਲਈ ਅਸੀਮਤ ਵਿਸ਼ਾਲਤਾ ਦਾ 'ਵਿਰਸਾ', ਆਪਣੇ ਆਪ ਵਿਚ ਅਤਿਅੰਤ ਅਚੰਭਾ ਤੇ ਅਚਰਜ ਕਰਾਮਾਤ ਹੈ ।

ਏਸੇ ਤਰ੍ਹਾਂ ਕੁਦਰਤ ਦੇ 'ਜ਼ੱਰੇ-ਜ਼ੱਰੇ' ਦੀਆਂ ਭਿੰਨ-ਭਿੰਨ ਗੁਪਤ ਜੀਵਨ-ਕਹਾਣੀਆਂ ਭੀ ਇਲਾਹੀ ਕੌਤਕਾਂ ਅਤੇ ਕਰਾਮਾਤਾਂ ਦੇ ਪ੍ਰਕਾਸ਼ ਜਾਂ ਪ੍ਰਗਟਾਵੇ ਦੀਆਂ ਜਿਉਂਦੀਆਂ-ਜਾਗਦੀਆਂ 'ਮਿਸਾਲਾਂ' ਹਨ ।

ਇਹ ਕੁਦਰਤੀ ਕੌਤਕ ਅਤੇ ਕਰਾਮਾਤਾਂ, ਖਿਨ-ਖਿਨ,ਪਲ-ਪਲ,ਸਾਡੇ ਉਦਾਲੇ-ਪੁਦਾਲੇ ਸਦੀਵੀ ਵਰਤ ਰਹੀਆਂ ਹਨ ਅਤੇ ਪ੍ਰਤੱਖ ਦੇਖਣ ਵਿਚ ਆ ਰਹੀਆਂ ਹਨ।

ਪਰ ਅਸੀਂ ਇਨ੍ਹਾਂ ਤੋਂ ਬੇ-ਪ੍ਰਵਾਹ, ਅਣਜਾਣ, ਢੀਠ ਅਤੇ ਮਨੂਰ ਹੋ ਚੁੱਕੇ ਹਾਂ । ਇਨ੍ਹਾਂ ਦੇ —

ਰਹੱਸ ਮਈ ਦਰਸ਼ਨਾਂ
ਅਚਰਜ ਕੌਤਕਾਂ
ਬਿਸਮਾਦੀ ਅਚੰਭੇ
ਕਰਾਮਾਤਾਂ
ਮਨ-ਮੋਹਣੀ ਸੁੰਦਰਤਾ

ਦੇ ਬੁਝਣ-ਪਹਿਚਾਨਣ, ਅਨੁਭਵ ਕਰਨ ਦਾ ਸਾਨੂੰ ਖਿਆਲ ਹੀ ਨਹੀਂ ਆਉਂਦਾ, ਚਾਉ ਹੀ ਨਹੀਂ ਅਤੇ ਲੋੜ ਭੀ ਨਹੀਂ ।

ਇਸ ਤਰ੍ਹਾਂ ਅਸੀਂ ਆਪਣੀ ਹੀ ਅਣਗਹਿਲੀ ਅਤੇ ਢੀਠਤਾਈ ਦੀ ਵਜ੍ਹਾ ਨਾਲ, ਇਨ੍ਹਾਂ ਦੇ ਅਹਿਲਾਦੀ, ਰਹਿਸਮਈ, ਬਿਸਮਾਦੀ —

ਰੰਗ
ਰਸ
ਚਾਉ

ਤੋਂ ਵਾਂਝੇ ਤੇ ਦੂਰ ਜਾ ਰਹੇ ਹਾਂ ।

3. ਦਿਮਾਗੀ ਸ਼ਕਤੀ ਦੇ ਕ੍ਰਿਸ਼ਮੇ —

ਰੱਬ ਨੇ ਇਨਸਾਨ ਨੂੰ ਬੇਅੰਤ ਸ਼ਕਤੀ ਬਖਸ਼ੀ ਹੈ । ਇਸ ਨਾਲ ਇਨਸਾਨ ਨਿਤ ਨਵੀਆਂ ਵਿਗਿਆਨਿਕ ਕਾਢਾਂ ਕੱਢ ਰਿਹਾ ਹੈ ਅਤੇ ਹੈਰਾਨ ਕਰਨ ਵਾਲੇ ਕ੍ਰਿਸ਼ਮੇ ਨਿਤਾ-ਪ੍ਰਤੀ ਦੇਖਣ ਜਾਂ ਸੁਣਨ ਵਿਚ ਆ ਰਹੇ ਹਨ ।

1. ਪੁਲਾੜ ਵਿਚ ਸਫ਼ਰ ਕਰ ਰਹੇ ਹਾਂ ।
2. ਚੰਦ ਉਤੇ ਜਾ ਆਏ ਹਾਂ ।
3. ਆਕਾਸ਼ ਅਤੇ ਪਤਾਲ ਦੇ ਗੁੱਝੇ ਭੇਦਾਂ ਦੀ ਖੋਜ ਕਰ ਰਹੇ ਹਾਂ ।
4. ਦੂਰ-ਦੁਰਾਡੇ ਬੈਠ ਕੇ ਗੱਲ-ਬਾਤ ਕਰ ਰਹੇ ਹਾਂ ।
5. ਸੂਖਮ ਤੇ ਗੁੰਝਲਦਾਰ ਦਿਮਾਗੀ ਕੰਮ ਕੰਮਪਿਊਟਰਜ਼ ਤੋਂ ਲੈ ਰਹੇ ਹਾਂ ।
6. ਕੁਦਰਤ ਦੀ ਡੂੰਘੀ ਖੋਜ ਦੁਆਰਾ, ਕੁਦਰਤ ਨੂੰ ਬਦਲਣ ਦੀ ਕੋਸ਼ਿਸ਼ ਕਰ ਰਹੇ ਹਾਂ ।
7. ਆਪਣੇ ਸੁਖ ਅਤੇ ਖੁਦਗਰਜ਼ੀ ਲਈ ਅਨੇਕਾਂ ਨਵੇਂ ਤੋਂ ਨਵੇਂ 'ਸਾਧਨ' ਬਣਾ ਲਏ ਹਨ ।
8. ਦੁਸ਼ਮਣਾਂ ਨੂੰ ਤਬਾਹ ਕਰਨ ਲਈ ਨਵੇਂ ਤੋਂ ਨਵੇਂ ਅਤਿਅੰਤ 'ਮਾਰੂ' ਹਥਿਆਰ (Destructive weapons i.e. Missiles, chemical war-heads etc.) ਬਣਾ ਲਏ ਹਨ ।

ਉਪਰ ਦੱਸੀਆਂ ਵਿਗਿਆਨਕ ਕਾਢਾਂ ਤੇ ਹੋਰ ਅਨੇਕਾਂ ਵਿਗਿਆਨਕ ਖੋਜਾਂ ਦੇ ਨਤੀਜੇ, ਅਤਿਅੰਤ ਅਚੰਭੇ ਵਾਲੇ ਦਿਮਾਗੀ ਕ੍ਰਿਸ਼ਮੇ ਜਾਂ ਕਰਾਮਾਤਾਂ ਹਨ । ਪਰ ਇਨ੍ਹਾਂ ਕ੍ਰਿਸ਼ਮਿਆਂ ਨੇ ਜਿਥੇ ਸਾਨੂੰ ਅਤਿਅੰਤ ਸੁਖ ਤੇ ਲਾਭ ਪੁਚਾਏ ਹਨ, ਉਥੇ ਬਹੁਤ ਦੁਖ ਅਤੇ ਜ਼ੁਲਮ ਦੇ ਕਾਰਣ ਭੀ ਬਣੇ ਹਨ ।

ਪਦਾਰਥਿਕ ਗਿਆਨ ਦੇ ਵਿਕਾਸ ਵਿਚ ਅਸੀਂ ਐਨੇ ਰੁੱਝੇ ਤੇ 'ਗੁਆਚੇ' ਹੋਏ ਹਾਂ ਕਿ ਅਸੀਂ ਆਪਣੇ ਕੇਂਦਰ ਆਪੇ ਨੂੰ ਹੀ ਭੁਲ ਗਏ ਹਾਂ । ਦੂਜੇ ਲਫ਼ਜ਼ਾਂ ਵਿਚ ਅਸੀਂ ਬਾਹਰ-ਮੁਖੀ ਅਚੰਭੇ ਵਾਲੇ ਕ੍ਰਿਸ਼ਮਿਆਂ ਦੀ 'ਖੋਜ', ਆਤਮਿਕ ਖੋਜ ਦੀ 'ਕੀਮਤ' ਤੇ ਕਰ ਰਹੇ ਹਾਂ ।

ਭਾਵੇਂ ਅਸੀਂ ਆਪਣੀ ਤੀਖਣ ਬੁੱਧੀ ਨਾਲ ਬੜੀਆਂ ਅਚੰਭੇ ਵਾਲੀਆਂ ਕਰਾਮਾਤਾਂ 'ਰਚ' ਕੇ 'ਆਫ਼ਰੇ' ਫਿਰਦੇ ਹਾਂ, ਪਰ ਤ੍ਰੈਗੁਣੀ ਮਾਇਆ ਦੀ 'ਮਨ-ਮੋਹਣੀ' 'ਪ੍ਰਾਪਤੀ' ਦੇ ਖਿਨ-ਭੰਗਰ ਰਸ ਅਤੇ ਸੁਖ ਵਿਚ, ਸਦੀਵੀ, ਅਬਿਨਾਸੀ, ਪ੍ਰੀਤ-ਪ੍ਰੇਮ, ਪਿਆਰ, ਰਸ, ਚਾਉ,

ਸ਼ਾਂਤੀ ਦੀ ਇਲਾਹੀ 'ਵਿਰਾਸਤ' ਨੂੰ ਉਕਾ ਹੀ ਭੁਲ ਗਏ ਹਾਂ ਜਾਂ ਅਵੇਸਲੇ ਹੋ ਗਏ ਹਾਂ ।

4. ਮਾਨਸਿਕ ਸ਼ਕਤੀ ਦੇ ਕ੍ਰਿਸ਼ਮੇ —

ਵਿਗਿਆਨ ਦੁਆਰਾ ਸਿੱਧ ਹੋ ਗਿਆ ਹੈ ਕਿ ਇਹ ਸੰਸਾਰ ਇਲਾਹੀ 'ਕਵਾਓ' ਤੋਂ ਉਪਜਿਆ ਤੇ ਚਲ ਰਿਹਾ ਹੈ, ਜਿਸ ਦਾ ਮਤਲਬ ਇਹ ਹੈ ਕਿ 'ਖਿਆਲ' ਜਾਂ 'ਚਿਤਵਨੀ' ਹੀ 'ਮੁੱਢਲਾ ਬੀਜ' ਹੈ। ਖਿਆਲਾਂ ਦੇ ਤੀਬਰ, ਤੀਖਣ ਅਤੇ ਇਕਾਗਰ ਹੋਣ ਨਾਲ, ਇਨ੍ਹਾਂ ਖਿਆਲਾਂ ਅੰਦਰ 'ਸ਼ਕਤੀ' ਉਪਜਦੀ ਅਤੇ ਵਧਦੀ ਹੈ, ਜਿਸ ਨੂੰ 'ਮਾਨਸਿਕ ਸ਼ਕਤੀ' ਕਿਹਾ ਜਾ ਸਕਦਾ ਹੈ ।

ਆਤਸ਼ੀ ਸ਼ੀਸ਼ੇ (convex lens) ਦੇ ਟੁਕੜੇ ਉਤੇ ਸੂਰਜ ਦੀਆਂ ਕਿਰਨਾਂ ਪੈ ਕੇ, ਸ਼ੀਸ਼ੇ ਵਿਚ ਦੀ ਲੰਘਦੀਆਂ ਹਨ ਤਾਂ ਉਹ ਲੱਖਾਂ ਕਿਰਨਾਂ ਇੱਕਠੀਆਂ ਤੇ ਇਕਾਗਰ ਹੋ ਕੇ, ਇਕ ਵਡੀ ਗੂੜ੍ਹੀ ਕਿਰਨ ਬਣ ਜਾਂਦੀ ਹੈ । ਇਸ ਗੂੜ੍ਹੀ ਕਿਰਨ (condensed ray) ਵਿਚ, ਸੂਰਜ ਦੀ ਗਰਮੀ ਦੀ ਤੀਖਣਤਾ ਇਤਨੀ ਵਧ ਜਾਂਦੀ ਹੈ ਕਿ ਉਹ ਕਾਗਜ਼ ਨੂੰ ਸਾੜ ਦਿੰਦੀ ਹੈ, ਜਦ ਕਿ ਸੂਰਜ ਦੀਆਂ ਸਧਾਰਣ ਕਿਰਨਾਂ ਦਾ ਕਾਗਜ਼ ਉਤੇ ਕੋਈ ਅਸਰ ਨਹੀਂ ਹੁੰਦਾ ।

ਇਹ ਦ੍ਰਿਸ਼ਟਾਂਤ ਸਾਡੇ ਖਿਆਲਾਂ ਦੀਆਂ ਕਿਰਨਾਂ ਜਾਂ ਬਿਰਤੀਆਂ ਤੇ ਸਹੀ ਘਟਦਾ ਹੈ । ਜਿਉਂ-ਜਿਉਂ ਸਾਡੇ ਖਿਆਲਾਂ ਦੀਆਂ ਬਿਰਤੀਆਂ ਇੱਕਠੀਆਂ ਤੇ ਇਕਾਗਰ ਹੁੰਦੀਆਂ ਜਾਂਦੀਆਂ ਹਨ ਤਿਉਂ-ਤਿਉਂ ਇਨ੍ਹਾਂ ਦੀ ਸ਼ਕਤੀ ਵਧਦੀ ਜਾਂਦੀ ਹੈ ।

ਇਸ ਮਾਨਸਿਕ ਸ਼ਕਤੀ (mind power) ਨੂੰ ਚੰਗੀ ਤਰ੍ਹਾਂ ਸਪਸ਼ਟ ਕਰਨ ਲਈ ਕੁਝ ਉਦਾਹਰਣ ਦਿੱਤੇ ਜਾਂਦੇ ਹਨ —

1. 'ਨਜ਼ਰ ਲਗਣੀ' —

ਇਹ ਗੱਲ ਆਮ ਮੰਨੀ ਜਾਂਦੀ ਹੈ ਕਿ 'ਤੀਬਰ ਸਾੜੇ' (intense jealousy) ਜਾਂ ਹੋਰ ਨੀਵੇਂ ਖਿਆਲਾਂ ਦੀ ਤੀਬਰਤਾ ਦੁਆਰਾ 'ਨਜ਼ਰ' ਲਗ ਜਾਂਦੀ ਹੈ । ਇਨ੍ਹਾਂ ਨੀਵੇਂ ਖਿਆਲਾਂ ਦੀ ਇਕਾਗਰਤਾ ਅਤੇ ਅਭਿਆਸ ਤੋਂ ਉਤਪੰਨ ਹੋਈ ਸ਼ਕਤੀ ਦੇ ਪ੍ਰਗਟਾਵੇ ਨੂੰ 'ਨਜ਼ਰ' ਜਾਂ 'ਸਰਾਪ' ਆਖਿਆ ਜਾਂਦਾ ਹੈ । ਜੇਕਰ ਨੀਵੇਂ ਖਿਆਲਾਂ ਵਿਚੋਂ ਉਪਜੀ ਮਾਨਸਿਕ ਸ਼ਕਤੀ ਦੇ ਕ੍ਰਿਸ਼ਮਿਆਂ ਨੂੰ ਸਧਾਰਣ ਤੌਰ ਤੇ ਮੰਨਿਆ ਜਾ ਸਕਦਾ ਹੈ ਤਾਂ ਉੱਤਮ ਜਾਂ ਦੈਵੀ ਖਿਆਲਾਂ ਦੀ ਇਕਾਗਰਤਾ ਤੋਂ ਉਪਜੇ ਕ੍ਰਿਸ਼ਮੇ 'ਵਰ', ਕਰਾਮਾਤਾਂ ਰਿੱਧੀਆਂ ਸਿੱਧੀਆਂ ਭੀ ਸਧਾਰਣ ਹੀ ਸਮਝਣ ਯੋਗ ਹਨ, ਕਿਉਂਕਿ ਇਹ ਸਾਰੇ ਕ੍ਰਿਸ਼ਮੇ ਸਿਰਫ਼ ਮਨ ਦੀ ਇਕਾਗਰਤਾ ਜਾਂ ਖਿਆਲਾਂ ਦੀ ਤੀਖਣਤਾ ਦੇ ਹੀ 'ਨਤੀਜੇ' ਹਨ ।

2. ਸੁਆਮੀ ਵਿਵੇਕਾ ਨੰਦ ਨੇ ਇਸ ਮਾਨਸਿਕ ਸ਼ਕਤੀ (mind power) ਦੀ ਬਾਬਤ, ਆਪਣੇ ਅਮਰੀਕਾ ਦੇ ਕਿਸੇ ਵਿਖਿਆਨ ਵਿਚ ਬਹੁਤ ਸੋਹਣਾ ਚਾਨਣਾ ਪਾਇਆ ਹੈ ।

ਜਦ ਉਹ ਕਾਲਜ ਵਿਚ ਪੜ੍ਹਦੇ ਸਨ, ਕੁਝ ਹੋਰ ਮਨਚਲੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਦੱਖਣੀ ਭਾਰਤ ਵਿੱਚ ਕਿਸੇ ਬ੍ਰਾਹਮਣ ਕੋਲ ਗਏ । ਜਿਸ ਦੀ ਬਾਬਤ ਉਨ੍ਹਾਂ ਸੁਣਿਆ ਸੀ

ਕਿ ਬੜੀਆਂ ਅਨੋਖੀਆਂ ਕਰਾਮਾਤਾਂ ਕਰਦਾ ਹੈ, ਅਤੇ ਉਸ ਨੂੰ ਕੋਈ ਕਰਾਮਾਤ ਦਿਖਾਉਣ ਲਈ ਕਿਹਾ । ਉਸ ਬ੍ਰਾਹਮਣ ਨੇ ਉਨ੍ਹਾਂ ਨੂੰ ਕਿਹਾ ਆਪੋ ਆਪਣੇ ਮਨ-ਭਾਉਂਦੇ 'ਫਲ' ਦੀ ਗੁਪਤ ਚਿਤਵਨੀ ਕਰਕੇ ਕਾਗਜ਼ ਤੇ ਲਿਖ ਕੇ ਆਪੋ ਆਪਣੀ ਜੇਬ ਵਿਚ ਪਾ ਲੈਣ । ਫੇਰ ਉਨ੍ਹਾਂ ਨੂੰ ਅੱਖਾਂ ਬੰਦ ਕਰਕੇ ਬੈਠਣ ਨੂੰ ਕਿਹਾ ਅਤੇ ਆਪ ਭੀ ਸਮਾਧੀ ਲਾ ਕੇ ਬੈਠ ਗਿਆ। ਕੁਝ ਚਿਰ ਮਗਰੋਂ ਅੱਖਾਂ ਖੋਲ੍ਹਣ ਲਈ ਕਿਹਾ, ਤਾਂ ਉਹ ਵਿਦਿਆਰਥੀ ਇਹ ਦੇਖ ਕੇ ਹੈਰਾਨ ਹੋਏ ਕਿ ਉਨ੍ਹਾਂ ਦੇ ਸਾਹਮਣੇ ਕਈ ਕਿਸਮ ਦੇ 'ਫ਼ਲਾਂ' ਦਾ ਢੇਰ ਲੱਗਾ ਹੋਇਆ ਹੈ। ਬ੍ਰਾਹਮਣ ਨੇ ਕਿਹਾ ਕਿ ਤੁਸੀਂ ਆਪੋ ਆਪਣੀ ਚਿਤਵਨੀ ਅਨੁਸਾਰ ਫ਼ਲ ਚੁਣ ਕੇ ਖਾਓ, ਪਰ ਵਿਦਿਆਰਥੀ 'ਜਾਦੂ ਦੇ ਫ਼ਲ' ਖਾਣ ਤੋਂ ਝਿਜਕਦੇ ਸਨ । ਬ੍ਰਾਹਮਣ ਨੇ ਆਪ ਫ਼ਲ ਖਾ ਕੇ ਉਨ੍ਹਾਂ ਨੂੰ ਤਸੱਲੀ ਦੁਆਈ ਕਿ ਇਹ ਕੁਦਰਤੀ ਤਾਜੇ ਫ਼ਲ ਹਨ ਅਤੇ ਹਾਨੀਕਾਰਕ ਨਹੀਂ ਹਨ । ਵਿਦਿਆਰਥੀਆਂ ਨੇ ਜਦ ਉਹ ਫ਼ਲ ਖਾ ਕੇ ਦੇਖੇ ਤਾਂ ਉਨ੍ਹਾਂ ਵਿਚ ਕੁਦਰਤੀ ਮਹਿਕ, ਸੁਆਦ ਤੇ ਰਸ ਭਰਿਆ ਹੋਇਆ ਸੀ । ਵਿਦਿਆਰਥੀ ਹੋਰ ਭੀ ਹੈਰਾਨ ਹੋਏ ਜਦ ਉਨ੍ਹਾਂ ਦੇਖਿਆ ਕਿ ਇਹ ਫ਼ਲ 'ਬੇ-ਰੁੱਤੇ' ਅਤੇ ਬਿਦੇਸ਼ੀ ਸਨ ਅਤੇ ਬਿਲਕੁਲ ਤਾਜ਼ੇ ਹਰੇ ਪੱਤਿਆਂ ਤੇ ਟਾਹਣੀਆਂ ਸਮੇਤ ਸਨ । ਬ੍ਰਾਹਮਣ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਕੋਈ ਧਾਰਮਿਕ ਜਾਂ ਆਤਮਿਕ ਕਰਾਮਾਤ ਨਹੀਂ, ਬਲਕਿ ਨਿਰੋਲ ਮਾਨਸਿਕ ਇਕਾਗਰਤਾ ਦਾ ਸਿੱਟਾ ਹੈ । ਇਹ ਮਨ ਨੂੰ ਇਕਾਗਰ ਕਰਨ ਦੀ ਸਾਧਨਾ ਕਿਸੇ ਰਮਤੇ ਸਾਧੂ ਨੇ ਸਿਖਾਈ ਸੀ । ਉਹ ਆਪ ਤਾਂ ਸਧਾਰਣ ਗ੍ਰਿਹਸਤੀ ਬੰਦਾ ਹੈ , ਸਾਧੂ ਸੰਤ ਜਾਂ ਭਗਤ ਨਹੀਂ ।

ਬਿਬੇਕ ਬੁੱਧੀ ਦੀ ਅਣਹੋਂਦ ਕਾਰਣ ਅਸੀਂ ਇਨ੍ਹਾਂ ਅਚੰਭੇ ਕਰਨ ਵਾਲੇ ਕ੍ਰਿਸ਼ਮਿਆਂ ਦੇ 'ਗੁੱਝੇ' ਭੇਦਾਂ ਨੂੰ ਸਮਝਣ ਤੋਂ ਅਸਮਰਥ ਹਾਂ ਅਤੇ ਹਰ ਇਕ ਅਸਾਧਾਰਣ, ਵਿਲੱਖਣ ਗ਼ੈਰ-ਕੁਦਰਤੀ ਕ੍ਰਿਸ਼ਮੇ ਨੂੰ ਧਾਰਮਿਕ ਜਾਂ ਆਤਮਿਕ ਰੰਗ ਚਾੜ੍ਹ ਦਿੰਦੇ ਹਾਂ । ਇਸ ਤਰ੍ਹਾਂ ਇਹ ਅਚੰਭੇ ਵਾਲੇ ਕ੍ਰਿਸ਼ਮੇ ਜਾਂ ਕਰਾਮਾਤਾਂ ਸਾਡੇ ਲਈ ਧਾਰਮਿਕ ਜਾਂ ਆਤਮਿਕ ਅਵਸਥਾ ਦੇ 'ਮਾਪ' ਜਾਂ 'ਕਸਵੱਟੀ' ਬਣ ਗਏ ਹਨ । ਜਿੰਨੇ ਜ਼ਿਆਦਾ ਕ੍ਰਿਸ਼ਮੇ ਕੋਈ ਦਿਖਾਵੇ ਉਤਨੇ ਹੀ ਅਸੀਂ ਧਾਰਮਿਕ ਤੌਰ ਤੇ ਪ੍ਰਭਾਵਤ ਹੋ ਕੇ ਉਸ ਨੂੰ ਮਹਾਂਪੁਰਖ ਜਾਂ ਭਗਤ ਮੰਨ ਲੈਂਦੇ ਹਾਂ, ਅਤੇ ਆਪਣੇ ਸੁਆਰਥ ਦੀ ਪੂਰਤੀ ਲਈ ਉਸ ਨੂੰ ਪੂਜਣਾ ਸ਼ੁਰੂ ਕਰ ਦਿੰਦੇ ਹਾਂ ।

ਅਸਲ ਵਿਚ ਇਹ ਅਚੰਭੇ ਵਾਲੇ ਕ੍ਰਿਸ਼ਮੇ ਜਾਂ ਕਰਾਮਾਤਾਂ ਨਿਰੋਲ ਖਿਆਲਾਂ ਦੀ ਇਕਾਗਰਤਾ ਤੋਂ ਉਪਜੀ ਮਾਨਸਿਕ ਸ਼ਕਤੀ ਦਾ ਪ੍ਰਗਟਾਵਾ ਹੀ ਹਨ ।

ਸਾਰੀ ਕੁਦਰਤ, ਰੱਬੀ 'ਕਵਾਉ' ਦੁਆਰਾ ਇਲਾਹੀ 'ਜੀਵਨ-ਰੌਂ' ਵਿਚੋਂ ਉਪਜੀ ਤੇ ਚਲ ਰਹੀ ਹੈ । ਜਦ ਅਸੀਂ ਇਕਾਗਰ ਹੋਏ ਮਨ ਦੀ ਸ਼ਕਤੀ ਨੂੰ ਮਨੋ-ਕਲਪਤ ਗਰਜ਼ ਲਈ ਵਰਤਦੇ ਹਾਂ ਤਾਂ ਅਸੀਂ ਕੁਦਰਤ ਵਿਚ ਵਗ ਰਹੀ ਇਲਾਹੀ 'ਜੀਵਨ-ਰੌਂ' ਦੀ 'ਰਵਾਨਗੀ' ਵਿਚ 'ਵਿਘਨ' ਪਾਉਂਦੇ ਹਾਂ ਜੋ ਕਿ 'ਗ਼ੈਰ-ਕੁਦਰਤੀ', 'ਹਾਨੀਕਾਰਕ' ਅਤੇ 'ਰੱਬੀ ਭਾਣੇ' ਦੇ 'ਉਲਟ' ਹੈ ।

ਦੂਜੇ ਲਫ਼ਜ਼ਾਂ ਵਿਚ ਅਸੀਂ ਆਪਣੀ ਅਗਿਆਨਤਾ ਦੁਆਰਾ ਇਨ੍ਹਾਂ ਕਰਾਮਾਤਾਂ ਜਾਂ

ਰਿੱਧੀਆਂ ਸਿੱਧੀਆਂ ਨੂੰ —

1. ਧਾਰਮਿਕ ਰੰਗਣ ਚਾੜ੍ਹ ਦਿਤੀ ਹੈ ।
2. ਆਤਮਿਕ ਦਰਜਾ ਦਿਤਾ ਹੋਇਆ ਹੈ ।
3. ਧਾਰਮਿਕ ਜਾਂ ਆਤਮਿਕ ਅਵਸਥਾ ਦੀ ਝੂਠੀ 'ਕਸਵੱਟੀ' ਬਣਾਈ ਹੋਈ ਹੈ ।
4. ਆਪਣੇ ਮਾਇਕੀ ਜਾਂ ਧਾਰਮਿਕ ਸੁਆਰਥ ਲਈ ਵਰਤਦੇ ਹਾਂ ।
5. ਆਪਣੀ ਮਸ਼ਹੂਰੀ ਅਤੇ ਪ੍ਰਭਤਾ ਲਈ ਇਸ਼ਤਿਹਾਰਬਾਜ਼ੀ ਦਾ ਜ਼ਰੀਆ ਬਣਾ ਦਿਤਾ ਹੈ ।
6. ਧਾਰਮਿਕ ਜਾਂ ਆਤਮਿਕ ਜਗਿਆਸਾ ਦਾ ਅੰਤ ਜਾਂ ਮੰਜ਼ਲ ਸਮਝੀ ਬੈਠੇ ਹਾਂ ।
7. ਆਪਣੀ 'ਹਉਮੈ' ਨੂੰ ਪਾਲਣ-ਪੋਸਣ ਲਈ 'ਖ਼ੁਰਾਕ' ਬਣਾ ਲਿਆ ਹੈ ।
8. ਚੇਲੇ ਬਣਾਉਣ ਤੇ ਵਧਾਉਣ ਦਾ ਵਿਸ਼ੇਸ਼ 'ਸਾਧਨ' ਬਣਾ ਲਿਆ ਹੈ ।
9. ਆਪਣੇ ਠਾਠ-ਬਾਠ ਅਤੇ ਪ੍ਰਭਤਾ ਲਈ ਸੌਖਾ ਅਤੇ ਅਸਰਦਾਇਕ 'ਜ਼ਰੀਆ' ਹੈ।

ਚੰਗੀ ਤਰ੍ਹਾਂ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹ ਸਭ ਅਚੰਭੇ ਵਾਲੇ ਕ੍ਰਿਸ਼ਮੇ, ਨਾਟਕ-ਚੇਟਕ, ਰਿੱਧੀਆਂ-ਸਿੱਧੀਆਂ, ਕਰਾਮਾਤਾਂ, ਤ੍ਰੈਗੁਣੀ ਮਾਇਕੀ ਮੰਡਲ ਅੰਦਰ 'ਹਉਮੈ' ਦਾ ਹੀ 'ਖੇਲ-ਅਖਾੜਾ' ਅਤੇ 'ਕੂੜ-ਕਿਰਿਆ' ਹੈ, ਜੋ ਕਿ ਪ੍ਰਮਾਰਥ ਅਤੇ ਆਤਮਿਕ ਜਗਿਆਸਾ ਦੇ ਮਾਰਗ ਵਿਚ ਵੱਡੀ ਰੁਕਾਵਟ ਹੈ ।

ਗੁਰਬਾਣੀ ਵਿਚ ਸਾਡੀ ਇਸ ਅਵਸਥਾ ਦਾ ਇਉਂ ਨਕਸ਼ਾ ਖਿਚਿਆ ਹੈ —

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ
ਏਹਾ ਸਿਧਿ ਏਹਾ ਕਰਮਾਤਿ ॥ (**ਪੰਨਾ**-650)

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ (**ਪੰਨਾ**-593)

ਇਤਿਹਾਸ ਵਿਚ ਰਿੱਧੀਆਂ, ਸਿੱਧੀਆਂ, ਕਰਾਮਾਤਾਂ ਦੇ ਕਈ 'ਪਹਿਲਵਾਨ' ਹੋ ਗੁਜ਼ਰੇ ਹਨ, ਜਿਹਾ ਕਿ 'ਗੋਰਖ ਨਾਥ', ਨੂਰ ਸ਼ਾਹ', 'ਵਲੀ ਕੰਧਾਰੀ', 'ਮੀਆਂ ਮਿਠਾ', 'ਭੰਗਰ ਨਾਥ' ਆਦਿ ।

ਇਸੇ ਮਾਨਸਿਕ ਸ਼ਕਤੀ ਦੀ ਸ਼੍ਰੇਣੀ ਵਿਚ ਕਈ ਮਾਨਸਿਕ 'ਕਰਤਵ' ਪ੍ਰਚਲਤ ਹਨ, ਜਿਹਾ ਕਿ —

ਰਿੱਧੀਆਂ-ਸਿੱਧੀਆਂ
ਨਾਟਕ-ਚੇਟਕ
ਤਾਂਤ੍ਰਿਕ ਜਾਦੂ
ਕਰਾਮਾਤਾਂ
ਵਾਕ-ਸਿੱਧੀ
ਭਵਿੱਖ ਬਾਣੀ
ਅੰਤ੍-ਯਾਮਤਾ
ਭੂਤਾਂ ਦਾ ਜਾਦੂ
ਮਦਾਰੀਆਂ ਦੇ ਤਮਾਸ਼ੇ, ਆਦਿ ।

5. ਆਤਮਿਕ ਸ਼ਕਤੀ ਦੇ ਕ੍ਰਿਸ਼ਮੇ :—

ਇਸ ਲੇਖ ਦੇ ਪਿਛਲੇ ਹਿੱਸੇ ਵਿਚ ਤ੍ਰੈਗੁਣੀ ਮਾਇਕੀ ਮੰਡਲ ਦੀਆਂ ਸ਼ਕਤੀਆਂ ਦੇ ਪ੍ਰਗਟਾਵੇ ਦੁਆਰਾ ਅਚੰਭੇ ਵਾਲੇ ਕ੍ਰਿਸ਼ਮੇ ਅਥਵਾ ਕਰਾਮਾਤਾਂ ਦੀ ਬਾਬਤ ਵਿਚਾਰ ਕੀਤੀ ਜਾ ਚੁੱਕੀ ਹੈ ।

ਇਹ ਗੱਲ ਚੰਗੀ ਤਰ੍ਹਾਂ ਦ੍ਰਿੜ੍ਹ ਕਰਨ ਦੀ ਲੋੜ ਹੈ ਕਿ ਇਲਾਹੀ 'ਖੇਲ' ਵਿਚ ਦੋ ਭਿੰਨ-ਭਿੰਨ ਮੰਡਲ ਹਨ ।

1. ਤ੍ਰੈਗੁਣੀ ਮਾਇਕੀ ਮੰਡਲ : ਜਿਸ ਵਿਚ 'ਹਉਮੈ' ਦਾ ਖੇਲ ਅਖਾੜਾ ਹੈ ।

2. ਆਤਮਿਕ ਮੰਡਲ : ਜਿਸ ਵਿਚ ਇਲਾਹੀ 'ਹੁਕਮ' ਦੀ ਖੇਲ ਵਰਤਦੀ ਹੈ ।

ਹੁਣ ਅਸੀਂ ਆਤਮਿਕ ਮੰਡਲ ਦੇ ਇਲਾਹੀ 'ਕੌਤਕਾਂ ਜਾਂ ਕਰਾਮਾਤਾਂ' ਦੀ ਵਿਚਾਰ ਕਰੀਏ, ਜਿਨ੍ਹਾਂ ਦਾ ਆਤਮਿਕ ਜਗਿਆਸੂਆਂ, ਭਗਤਾਂ, ਮਹਾਂ-ਪੁਰਖਾਂ, ਗੁਰਮੁਖਾਂ ਦੁਆਰਾ ਸਹਿਜ-ਸੁਭਾਇ 'ਪ੍ਰਗਟਾਵਾ' ਹੁੰਦਾ ਹੈ ।

ਜਦ ਆਤਮਿਕ ਜਗਿਆਸੂ, ਅੰਤਰ-ਮੁਖੀ ਹੋ ਕੇ, ਸਿਮਰਨ ਦੁਆਰਾ, ਆਪਣੇ ਹਿਰਦੇ ਦੇ 'ਖੂਹਟੇ' ਵਿਚ 'ਚੁੱਭੀ' ਲਾਉਂਦੇ ਹਨ ਤਾਂ ਉਨ੍ਹਾਂ ਦੀ 'ਸੁਰਤੀ' 'ਆਤਮ-ਪ੍ਰਕਾਸ਼' ਸ਼ਬਦ ਨੂੰ ਜਾ ਛੋਹਦੀ ਹੈ, ਅਤੇ ਬਿਜਲੀ ਦੇ ਕਰੰਟ ਵਾਂਗ, ਸਰੀਰ ਵਿਚ 'ਸ਼ਬਦ' ਦੇ 'ਇਲਾਹੀ ਕਰੰਟ ਦੀ ਰੁਣ-ਝੁਣ ਛਿੜ ਪੈਂਦੀ ਹੈ ਅਤੇ ਓਤ-ਪੋਤ, ਅੰਗ-ਸੰਗ, ਮੌਲਾ' ਪ੍ਰਤੀਤ ਹੁੰਦਾ ਹੈ । ਇਸ ਤਰ੍ਹਾਂ, ਜੀਵ ਦਾ 'ਉਨ-ਮਨ' 'ਨਾਮ ' ਦੀ 'ਪੀਂਘ' ਦੇ ਝੂਟੇ ਲੈਂਦਾ ਹੋਇਆ ਕਿਸੇ ਅਗੰਮੀ ਪ੍ਰੀਤ, ਪ੍ਰੇਮ, ਰਸ, ਰੰਗ ਦੇ ਅਕਹਿ ਸੁਆਦ ਵਿਚ ਬਿਸਮਾਦ ਹੋ ਕੇ ਇਲਾਹੀ ਅਹਿਲਾਦ ਦੇ ਚਾਓ ਤੇ ਖੁਸ਼ੀ ਵਿਚ, ਕਹਿ ਉਠਦਾ ਹੈ :

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥ (**ਪੰਨਾ**-370)

ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥ (**ਪੰਨਾ**-360)

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥
ਝੂਠੁ ਝੂਠ ਝੂਠੁ ਝੂਠੁ ਦੁਨੀ ਗੁਮਾਨੁ ॥ (**ਪੰਨਾ**-1138)

ਦੇਖਹੁ ਅਚਰਜੁ ਭਇਆ ॥
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥ (**ਪੰਨਾ**-612)

ਸਾਡੀ ਸੁਰਤੀ ਜਦ ਇਸ ਆਤਮਿਕ ਸ਼ਕਤੀ ਦੇ 'ਸੋਮੇ' ਨੂੰ 'ਛੋਂਹਦੀ' ਹੈ ਤਾਂ ਬਿਜਲੀ ਦੀ ਛੋਹ ਵਾਂਗ, ਸਾਡੇ ਅੰਦਰ ਅਨੰਤ ਰੱਬੀ ਸ਼ਕਤੀ ਭਰ ਜਾਂਦੀ ਹੈ । ਇਸ ਤਰ੍ਹਾਂ ਗੁਰਮੁਖ-ਜਨ, ਦੈਵੀ ਸ਼ਕਤੀ ਨਾਲ ਭਰਪੂਰ ਹੋ ਜਾਂਦੇ ਹਨ, ਅਤੇ ਉਨ੍ਹਾਂ ਨੂੰ ਅਨੁਭਵ ਦੁਆਰਾ ਪ੍ਰਤੀਤ ਹੁੰਦਾ ਹੈ ਕਿ ਸ੍ਰਿਸ਼ਟੀ ਦੇ ਜ਼ੱਰੇ-ਜ਼ੱਰੇ ਅੰਦਰ ਇਲਾਹੀ 'ਜੀਵਨ-ਰੌ' ਓਤ-ਪੋਤ ਹੋ ਕੇ ਇਲਾਹੀ 'ਹੁਕਮ' ਦੀ 'ਰਵਾਨਗੀ' ਵਿਚ ਚਲ ਰਹੀ ਹੈ, ਜਿਸ ਵਿਚ 'ਜੀਵ' ਸਿਰਫ਼ ਰੱਬੀ 'ਹੁਕਮ' ਦੀ 'ਪ੍ਰਣਾਲੀ' ਦਾ ਇਕ ਨਿੱਕਾ ਜਿਹਾ 'ਅੰਸ਼' ਹੀ ਹੈ ।

ਅਨੁਭਵੀ ਆਤਮਿਕ ਗਿਆਨ ਦੀ ਰੋਸ਼ਨੀ ਵਿਚ ਜਗਿਆਸੂ ਦਾ 'ਭਰਮ-ਗੜ੍ਹ' ਟੁੱਟ ਜਾਂਦਾ ਹੈ, ਤੇ ਉਸ ਨੂੰ ਅੰਤਰ-ਆਤਮੇ ਪ੍ਰਤੀਤ ਹੋ ਜਾਂਦਾ ਹੈ ਕਿ ਉਹ ਆਪਣੇ ਆਪ ਵਿਚ, ਕੋਈ 'ਹਸਤੀ' ਨਹੀਂ ਹੈ । ਸਭ ਕੁਝ ਰੱਬ 'ਆਪ ਹੀ ਆਪ' ਹੈ :

ਹਮ ਕਿਛੁ ਨਾਹੀ ਏਕੈ ਓਹੀ ॥ (**ਪੰਨਾ**-391)

ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥ (**ਪੰਨਾ**-475)

ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥ (**ਪੰਨਾ**-858)

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ (**ਪੰਨਾ**-827)

ਬਖਸ਼ੇ ਹੋਏ ਮਹਾਂ-ਪੁਰਖ, ਗੁਰਮੁਖ ਪਿਆਰਿਆਂ ਨੂੰ ਨਿਸਚਾ ਹੋ ਜਾਂਦਾ ਹੈ ਕਿ ਉਹ ਤਾਂ ਸਿਰਫ਼ 'ਹਾਡ-ਮਾਸ-ਨਾੜੀ ਕੋ ਪਿੰਜਰ' ਹੀ ਹਨ, ਜਿਸ ਵਿਚ 'ਰੱਬ' ਆਪ ਆਪਣੇ 'ਹੁਕਮ' ਦੁਆਰਾ ਵਰਤ ਰਿਹਾ ਹੈ । ਅਸੀਂ ਇਸ ਅਪਾਰ 'ਹੁਕਮ' ਵਿਚ ਸਿਰਫ਼ ਇਕ 'ਕਠ-ਪੁਤਲੀ' ਹੀ ਹਾਂ ।

ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥ (**ਪੰਨਾ**-1367)

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥ (**ਪੰਨਾ**-206)

ਗੁਰਮੁਖ ਜਨ ਰੱਬ ਦੀ ਬਖਸ਼ੀ ਹੋਈ ਅਨੰਤ ਆਤਮਿਕ ਸ਼ਕਤੀ ਨੂੰ ਰੱਬੀ ਭਾਣੇ ਵਿਚ ਵਰਤਦਾ

ਹੈ ਅਤੇ ਆਪਣੇ ਮਨ ਦੀ ਮਰਜ਼ੀ ਨਾਲ ਵਰਤਣ ਤੋਂ ਸੰਕੋਚ ਕਰਦਾ ਹੈ ।

ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥ (**ਪੰਨਾ**-1165)

ਜਿਥੇ ਤ੍ਰੈਗੁਣੀ ਮਾਇਕੀ ਮੰਡਲ ਵਿਚ ਜੀਵ ਬੜੀ ਘਾਲਣਾ ਨਾਲ ਮਾਨਸਿਕ ਸ਼ਕਤੀ ਪ੍ਰਾਪਤ ਕਰਦਾ ਹੈ ਤੇ ਉਸ ਸ਼ਕਤੀ ਨੂੰ ਆਪਣੀ 'ਪ੍ਰਾਪਤੀ' ਤੇ 'ਮਲਕੀਅਤ' ਸਮਝ ਕੇ ਵਰਤਦਾ ਹੈ ।

ਉਥੇ ਆਤਮਿਕ ਮੰਡਲ ਵਿਚ ਗੁਰਮੁਖ ਜਨ, ਰੱਬੀ ਆਤਮਿਕ ਸ਼ਕਤੀ ਨੂੰ 'ਇਲਾਹੀ-ਦਾਤ' ਸਮਝ ਕੇ ਰੱਬੀ 'ਭਾਣੇ' ਵਿਚ ਵਰਤਦਾ ਹੈ ।

ਜਿਸ ਤਰ੍ਹਾਂ, ਰੱਬੀ ਹੁਕਮ ਅਨੁਸਾਰ, ਕੁਦਰਤ ਦਾ ਜ਼ੱਰਾ ਜ਼ੱਰਾ, ਭਿੰਨ-ਭਿੰਨ ਰੰਗਾਂ ਰੇਖਾਂ-ਰੂਪਾਂ ਵਿਚ, ਕਈ ਢੰਗਾਂ ਨਾਲ, ਅਨੰਤ ਅਤੇ ਅਚਰਜ ਇਲਾਹੀ ਕੌਤਕਾਂ ਤੇ ਕਰਾਮਾਤਾਂ ਦੇ ਪ੍ਰਗਟਾਵੇ ਵਿਚ, ਹਿੱਸਾ ਲੈ ਰਿਹਾ ਹੈ ।

ਉਸੇ ਤਰ੍ਹਾਂ ਗੁਰਮੁਖ ਜਨ ਭੀ, ਅਚਰਜ ਇਲਾਹੀ ਕੌਤਕਾਂ ਤੇ ਕਰਾਮਾਤਾਂ ਨਾਲ ਭਰਪੂਰ 'ਕੁਦਰਤ' ਵਿਚ ਰੱਬੀ 'ਹੁਕਮ' ਅਨੁਸਾਰ ਆਪਣਾ ਹਿੱਸਾ ਪਾ ਰਿਹਾ ਹੈ ।

ਇਨ੍ਹਾਂ ਹਾਲਤਾਂ ਵਿਚ ਫ਼ਰਕ ਇਲਾਹੀ 'ਹੁਕਮ' ਦੇ ਪ੍ਰਗਟਾਵੇ ਦੇ ਪਿਛੇ, 'ਭਾਵਨਾ' ਵਿਚ ਹੈ ।

ਚੌਰਾਸੀ ਲੱਖ ਜੂਨਾਂ ਤਾਂ ਕੁਦਰਤ ਦੇ ਰੱਬੀ ਕੌਤਕਾਂ ਵਿਚ, ਅਭੋਲ ਤੇ ਅਣਜਾਣੇ ਹੀ ਹਿੱਸਾ ਲੈ ਰਹੀਆਂ ਹਨ ।

ਸਧਾਰਣ ਇਨਸਾਨ, ਆਪਣੀ 'ਮੈਂ-ਮੇਰੀ' ਦੇ ਪ੍ਰਗਟਾਵੇ ਲਈ, ਹਿੱਸਾ ਲੈ ਰਹੇ ਹਨ। ਪਰ ਗੁਰਮੁਖ ਜਨ, ਪੂਰਨ ਸੋਝੀ ਵਿਚ, 'ਬੈ-ਖਰੀਦ ਗੋਲੇ' ਬਣ ਕੇ, ਇਲਾਹੀ ਅਚਰਜ, ਕਰਾਮਾਤਾਂ ਦੇ ਪ੍ਰਗਟਾਵੇ ਲਈ, ਆਪਣੇ 'ਆਪੇ' ਨੂੰ ਰੱਬੀ 'ਹਥਿਆਰ' ਵਾਲੀ ਦੈਵੀ 'ਭਾਵਨਾ' ਨਾਲ ਵਰਤਦੇ ਹਨ ।

ਇਨ੍ਹਾਂ ਦੋਵੇਂ ਸ਼ਕਤੀਆਂ ਦੇ ਪ੍ਰਗਟਾਵੇ ਦਾ ਨਿਰਣਾ ਇਉਂ ਹੋ ਸਕਦਾ ਹੈ —

| | ਮਾਨਸਿਕ ਸ਼ਕਤੀ | ਆਤਮਿਕ ਸ਼ਕਤੀ |
|---|---|---|
| 1. | ਘਾਲਣਾ ਨਾਲ ਪ੍ਰਾਪਤੀ ਹੁੰਦੀ ਹੈ । | ਇਲਾਹੀ 'ਦਾਤ' ਹੈ । |
| 2. | 'ਸੀਮਤ' ਹੈ । | ਅਗਮ ਤੇ ਅਪਾਰ ਹੈ । |
| 3. | ਆਪ ਸੁਆਰਥੀ ਹੈ । | ਪਰਉਪਕਾਰੀ ਹੈ । |
| 4. | 'ਹਉਮੈ' ਨੂੰ ਪੱਠੇ ਪਾਉਣੇ ਹਨ । | ਹਉਮੈ ਦਾ ਅਭਾਵ ਹੈ । |
| 5. | 'ਮੈਂ-ਮੇਰੀ' ਦਾ ਖੇਲ ਅਖਾੜਾ ਹੈ । | 'ਤੂੰ-ਤੇਰੀ' ਦੀ 'ਖੇਲ' ਹੈ । |

| | |
|---|---|
| 6. ਆਪਣੇ ਭਾਣੇ ਵਿਚ ਵਰਤੀ ਜਾਂਦੀ ਹੈ । | ਇਲਾਹੀ 'ਹੁਕਮ' ਵਿਚ ਵਰਤੀ ਜਾਂਦੀ ਹੈ । |
| 7. 'ਬੰਧਨ' ਰੂਪ ਹੈ । | 'ਬੰਧਨ ਤੋੜ' ਹੈ । |
| 8. ਆਤਮ ਮਾਰਗ ਵਿਚ ਰੁਕਾਵਟ ਹੈ। | ਆਤਮਿਕ ਜਗਿਆਸਾ ਵਿਚ 'ਸਹਾਇਕ' ਹੈ । |
| 9. 'ਅਵਰਾ' ਸਾਦ ਤੇ 'ਧ੍ਰਿਗ' ਹੈ । | ਇਲਾਹੀ 'ਰੰਗ ਰਸ' ਹੈ । |
| 10. ਰੱਬੀ ਹੁਕਮ ਵਿਚ 'ਵਿਘਨ' ਪਾਉਣਾ ਹੈ । | ਰੱਬੀ ਹੁਕਮ 'ਕਮਾਉਣਾ' ਹੈ। |
| 11. ਰੱਬੀ ਭਾਣੇ ਤੋਂ 'ਬੇ-ਸੁਰੇ' ਹੋਣਾ ਹੈ । | ਰੱਬੀ ਭਾਣੇ ਨਾਲ 'ਸੁਰ' ਹੋਣਾ ਹੈ । |
| 12. ਜੀਵ ਦੀ ਪ੍ਰਾਪਤੀ ਤੇ ਮਲਕੀਅਤ ਹੈ । | 'ਜੀਵ' ਖੁਦ ਇਸ ਸ਼ਕਤੀ ਦਾ 'ਬੈ-ਖਰੀਦ' ਗੋਲਾ ਬਣ ਜਾਂਦਾ ਹੈ । |
| 13. ਰੁੱਖੀ-ਸੁੱਖੀ ਫੋਕੀ ਕਿਰਿਆ ਹੈ । | ਪ੍ਰੀਤ, ਪ੍ਰੇਮ, ਪਿਆਰ, ਰਸ, ਚਾਉ ਦਾ 'ਸੋਮਾ' ਹੈ । |
| 14. ਈਰਖਾ, ਦਵੈਤ, ਸਾੜਾ, ਵੈਰ-ਵਿਰੋਧ ਦਾ ਕਾਰਣ ਹੈ । | 'ਸਗਲ ਸੰਗਿ ਹਮ ਕਉ ਬਨਿਆਈ' ਹੈ । |
| 15. 'ਦੂਜਾ ਭਾਵ' ਹੈ । | 'ਤੂੰ ਹੀ ਤੂੰ' ਹੈ । |
| 16. ਆਪਣੇ ਆਪ ਵਿਚ ਕੋਈ 'ਹਸਤੀ' ਨਹੀਂ, ਬਲਕਿ ਇਲਾਹੀ ਸ਼ਕਤੀ ਦਾ ਅਕਸ ਹੈ । | ਅਥਾਹ, ਅਗੰਮ, ਸਦੀਵੀ, ਰੁਣ-ਝੁਣ ਲਾਉਣ ਵਾਲੀ ਗੱਜਦੀ ਵੱਜਦੀ ਇਲਾਹੀ ਸ਼ਕਤੀ ਹੈ । |

ਇਸ 'ਉਲਟੀ ਪ੍ਰਿਮ ਖੇਲ ਨੂੰ ਕੋਈ ਵਿਰਲਾ ਗੁਰਮੁਖ ਹੀ ਅਨੁਭਵ ਦੁਆਰਾ ਜਾਣਦਾ, ਬੁਝਦਾ ਤੇ ਮਾਣਦਾ ਹੈ ।

ਅਸੀਂ ਇਨ੍ਹਾਂ ਰਿੱਧੀਆਂ-ਸਿੱਧੀਆਂ, ਕਰਾਮਾਤਾਂ ਤੋਂ ਇਤਨੇ ਪ੍ਰਭਾਵਿਤ ਅਤੇ 'ਕਾਇਲ' ਹੋ ਗਏ ਹਾਂ ਕਿ ਇਹ ਮਾਨਸਿਕ 'ਕਰਾਮਾਤ' ਹੀ ਸਾਡਾ 'ਪਰਮਾਰਥ' ਬਣ ਗਿਆ ਹੈ । ਇਨ੍ਹਾਂ ਕਰਾਮਾਤਾਂ ਦੀ ਸ਼ਕਤੀ ਹੀ ਸਾਡੇ ਲਈ ਧਾਰਮਿਕ 'ਮਾਪ' ਜਾਂ 'ਕਸਵੱਟੀ' ਹੈ, ਜਿਸ ਨਾਲ ਅਸੀਂ ਕਿਸੇ ਸਾਧ, ਸੰਤ, ਫਕੀਰ, ਦੇਵੀ-ਦੇਵਤੇ, ਗੁਰਮੁਖ ਜਾਂ ਗੁਰੂ ਨੂੰ 'ਪਰਖਦੇ' ਹਾਂ, ਜਦ ਅਸੀਂ ਇਨ੍ਹਾਂ ਕਰਾਮਾਤਾਂ ਦੀ ਮਨੋ ਕਲਪਤ ਕਸਵੱਟੀ ਨਾਲ ਗੁਰੂ ਸਾਹਿਬਾਂ ਨੂੰ ਪਰਖਦੇ ਹਾਂ, ਤਾਂ ਉਨ੍ਹਾਂ ਦੀ ਅਪਰ-ਅਪਾਰ ਵਡਿਆਈ ਨੂੰ ਭੀ, ਆਪਣੀ ਬੁੱਧੀ ਦੀ 'ਸੀਮਾਂ'

ਤਾਈਂ ਸੀਮਤ ਕਰ ਦਿੰਦੇ ਹਾਂ । ਇਉਂ ਅਸੀਂ ਗੁਰੂ ਸਾਹਿਬਾਨ ਨੂੰ ਆਪਣੀ ਸੁਆਰਥੀ ਬੁੱਧੀ ਦੀ ਮੈਲੀ ਤੇ 'ਧੁੰਦਲੀ ਕਸਵੱਟੀ' ਨਾਲ, ਜਦ ਪਰਖਦੇ ਹਾਂ ਤਾਂ ਆਪਣੀ ਅਗਿਆਨਤਾ ਦੁਆਰਾ, ਗੁਰੂ ਸਾਹਿਬਾਨ ਦੀ ਵਡਿਆਈ ਅਤੇ ਸਤਿਕਾਰ ਕਰਨ ਦੀ ਬਜਾਏ, ਅਣਜਾਣੇ ਹੀ 'ਨਿਰਾਦਰੀ' ਕਰਦੇ ਹਾਂ । ਗੁਰਪੁਰਬਾਂ ਉਤੇ, ਤਰੀਕਾਂ, ਬੰਸਾਵਲੀ ਅਤੇ ਸੁਣੀਆਂ-ਸੁਣਾਈਆਂ ਕੁਝ ਕਰਾਮਾਤਾਂ ਦਾ ਹੀ ਜ਼ਿਕਰ ਕਰ ਛਡਦੇ ਹਾਂ, ਕਿਉਂਕਿ ਗੁਰੂ ਸਾਹਿਬਾਨ ਦੇ ਅਸਲੀ ਇਲਾਹੀ ਅਪਰ-ਅਪਾਰ ਗੁਣਾਂ ਤੋਂ ਅਸੀਂ ਅਣਜਾਣ ਹਾਂ । ਇਹ ਮਾਇਕੀ-ਮੰਡਲ ਦੇ 'ਕੌਤਕ' ਤਾਂ ਗੁਰੂ ਸਾਹਿਬਾਨ ਦੇ ਇਲਾਹੀ ਜੀਵਨ ਦੇ, ਟਾਂਵੇ-ਟਾਂਵੇ ਬਾਹਰ-ਮੁਖੀ 'ਪ੍ਰਗਟਾਵੇ' ਹੀ ਹਨ ।

ਗੁਰੂ ਸਾਹਿਬਾਨ ਦੇ ਇਲਾਹੀ ਜੀਵਨ ਦੇ ਅਪਰ-ਅਪਾਰ ਆਤਮਿਕ ਗੁਣਾਂ ਦੀ ਵਡਿਆਈ ਦੀ ਬਾਬਤ ਸਾਨੂੰ :—

ਪਤਾ ਹੀ ਨਹੀਂ<br>
ਸਮਝ ਹੀ ਨਹੀਂ<br>
ਗਿਆਨ ਹੀ ਨਹੀਂ<br>
ਅਨੁਭਵ ਹੀ ਨਹੀਂ<br>
ਮਾਨਣ ਲਈ ਸੂਖਮ ਹਿਰਦਾ ਨਹੀਂ ।<br>
'ਦਾਤ' ਲਈ 'ਭਾਂਡਾ' ਨਹੀਂ ।

ਸਤਿਗੁਰੂ ਆਪ ਹੀ :—

'ਅਚਰਜ' ਰੂਪ ਹਨ<br>
'ਬਿਸਮਾਦ' ਰੂਪ ਹਨ<br>
'ਅਨਦ ਬਿਨੋਦੀ' ਹਨ<br>
'ਪ੍ਰੇਮ ਪੁਰਖ' ਹਨ<br>
'ਵਾਹੁ ਵਾਹੁ' ਹਨ

ਅਤੇ, ਸੂਰਜ ਦੀਆਂ ਕਿਰਨਾਂ ਵਾਂਗ ਉਨ੍ਹਾਂ ਦਾ :— ਇਲਾਹੀ ਪ੍ਰਕਾਸ਼, 'ਨਦਰਿ-ਕਰਮ', 'ਬਖਸ਼ਿਸ਼', 'ਗੁਰ ਪ੍ਰਸਾਦਿ' ਰਾਹੀਂ, ਇਲਾਹੀ 'ਕਿਰਨਾਂ' (Divine rays) ਦਾ ਖਿਨ-ਖਿਨ, ਪਲ-ਪਲ, ਨਿਮਖ-ਨਿਮਖ, ਜੁਗੋ-ਜੁਗ, ਸਦੀਵੀ ਪ੍ਰਕਾਸ਼ ਹੁੰਦਾ ਰਹਿੰਦਾ ਹੈ ।

ਇਨ੍ਹਾਂ ਗੁਪਤ, ਅੰਤ੍ਰ-ਆਤਮਿਕ, ਇਲਾਹੀ ਕਿਰਨਾਂ ਦੇ —

ਅਚਰਜ 'ਕਲਾ'<br>
ਬਿਸਮਾਦੀ 'ਕੌਤਕ'<br>
ਨਿਤ-ਨਵੇਂ 'ਚਲਤ'

ਇਲਾਹੀ 'ਬਾਣੀ'
'ਪ੍ਰੇਮ ਬਾਣੀ'
'ਨਾਮ ਕਿਰਨਾਂ'
'ਵਾਹੁ-ਵਾਹੁ' ਦੇ ਚਾਓ

ਦੁਆਰਾ, ਬੇਅੰਤ ਅਭਿਲਾਖੀ ਸ਼ਰਧਾਲੂ ਜਗਿਆਸੂਆਂ ਦੀਆਂ ਰੂਹਾਂ ਨੂੰ —

'ਆਤਮਿਕ ਜੀਵਨ'
'ਪ੍ਰਿਮ-ਪਿਆਲਾ'
'ਅੰਮ੍ਰਿਤ-ਭੋਜਨ'
'ਨਾਮ-ਦਾਨ'
'ਪ੍ਰਿਮ-ਰਸ'

ਪ੍ਰਦਾਨ ਹੁੰਦਾ ਰਹਿੰਦਾ ਹੈ ।

ਹਾਂ ਜੀ! ਇਲਾਹੀ 'ਕਰਾਮਾਤ ਦੁਆਰਾ' — ਸਾਡੇ ਜੀਵਨ ਵਿਚ ਹੇਠਲੀਆਂ ਤਬਦੀਲੀਆਂ ਆਉਣੀਆਂ ਚਾਹੀਦੀਆਂ ਹਨ —

| | | |
|---|---|---|
| 'ਪਸੂ ਪ੍ਰੇਤ' | ਤੋਂ | 'ਮਾਨੁਖ ਕੀਐ' |
| 'ਮਾਨਸ' | ਤੋਂ | 'ਦੇਵਤੇ' |
| 'ਦੇਵਤੇ' | ਤੋਂ | 'ਬ੍ਰਹਮ ਗਿਆਨੀ' |
| 'ਮਨਮੁਖ' | ਤੋਂ | 'ਗੁਰਮੁਖ' |
| 'ਸਾਕਤ' | ਤੋਂ | 'ਸੇਵਕ' |
| 'ਮਾਇਆ ਮੰਡਲ' | ਤੋਂ | 'ਆਤਮ ਮੰਡਲ' |
| 'ਦਿਮਾਗੀ ਗਿਆਨ' | ਤੋਂ | 'ਬ੍ਰਹਮ ਗਿਆਨ' |
| 'ਮਾਇਕੀ ਭਰਮ' | ਤੋਂ | 'ਅਨੁਭਵੀ ਆਤਮਿਕ ਸੋਝੀ' |
| 'ਅਗਨ-ਸੋਕ-ਸਾਗਰ' | ਤੋਂ | 'ਆਤਮਿਕ ਠੰਡ' |
| 'ਭੈ' | ਤੋਂ | 'ਨਿਰਭਉ' |
| 'ਕਾਲ' | ਤੋਂ | 'ਅਕਾਲ' |
| 'ਕੂੜ' | ਤੋਂ | 'ਸੱਚ' |
| 'ਮੈਂ, ਮੇਰੀ' | ਤੋਂ | 'ਤੂੰ, ਤੇਰੀ' |
| 'ਹੰਕਾਰ' | ਤੋਂ | 'ਨਿਮਰਤਾ' |
| 'ਮੈਲੇ' | ਤੋਂ | 'ਨਿਰਮਲ' |
| 'ਸੂਕੇ' | ਤੋਂ | 'ਹਰੇ' |

'ਦੁਖ ਕਲੇਸ਼' ਤੋਂ 'ਅਬਿਨਾਸੀ ਖੇਮ'
'ਚਿੰਤਾ ਚਿਖਾ' ਤੋਂ 'ਸਦਾ ਮਨ ਚਾਓ'
'ਆਪ ਸਵਾਰਥੀ' ਤੋਂ 'ਪਰ ਸੁਆਰਥੀ'
'ਝੂਠੇ ਰਸ' ਤੋਂ 'ਮਹਾਂ ਰਸ'
'ਘਿਰਨਾ' ਤੋਂ 'ਪਿਆਰ'
'ਬੁਰੇ' ਤੋਂ 'ਭਲਾ'

ਅਸਲ ਵਿਚ ਜੀਵ ਦੇ ਬਾਹਰ-ਮੁਖੀ ਮਾਇਕੀ ਜੀਵਨ ਨੂੰ ਮੋੜ ਕੇ, ਅੰਤਰਮੁਖੀ ਆਤਮਿਕ ਜੀਵਨ ਵਿਚ ਬਦਲਣਾ ਹੀ, ਸਭ ਤੋਂ ਵੱਡੀ, ਸੱਚੀ-ਅਟੱਲ ਇਲਾਹੀ ਕਰਾਮਾਤ ਹੈ, ਅਚੰਭਾ ਹੈ, ਜਾਦੂ ਹੈ ।

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ (**ਪੰਨਾ**-462)

ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥ (**ਪੰਨਾ**-650)

ਜੇਕਰ ਸਾਡੇ ਮਾਇਕੀ ਮੰਡਲ ਦੇ ਮਾਨਸਿਕ ਜੀਵਨ ਵਿਚ, ਉਪਰ ਦੱਸੀਆਂ ਤਬਦੀਲੀਆਂ ਨਹੀਂ ਆਉਂਦੀਆਂ ਤਾਂ ਇਹ ਸਭ ਬਾਹਰਮੁਖੀ ਰਿੱਧੀਆਂ-ਸਿੱਧੀਆਂ ਕਰਾਮਾਤਾਂ, ਨਾਟਕ ਚੇਟਕ, ਜਾਦੂ-ਟੂਣੇ, ਨਿਹਫਲ, ਫੋਕਟ, ਨਿਰਮੂਲ, ਹਾਨੀਕਾਰਕ, 'ਭਰਮ-ਭੁਲਾਵੇ' ਹੀ ਹਨ । ਜਿਨ੍ਹਾਂ ਦੇ ਖਿਨ ਭੰਗਰ ਕੂੜੇ ਚਮਤਕਾਰਾਂ, ਰਿਧਿ ਸਿਧਿ ਅਵਰਾ ਸਾਦ ਵਿਚ ਹੀ, ਅਸੀਂ ਗਲਤਾਨ ਹੋ ਕੇ 'ਫਸੇ' ਹੋਏ ਹਾਂ ।

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
(**ਪੰਨਾ**-650)

ਕੁਦਰਤ ਦੇ :—

'ਕਵਾਉ' ਦੀ ਰਚਨਾ,
ਰਚਨਾ ਦੀ ਬਨਾਵਟ,
ਬਨਾਵਟ ਵਿਚ ਭਿੰਨਤਾ,
ਭਿੰਨਤਾ ਵਿਚ ਰੰਗਣ,
ਰੰਗਣ ਵਿਚ ਕੋਮਲਤਾ
ਕੋਮਲਤਾ ਵਿਚ ਸੋਹਪਣ,
ਸੋਹਪਣ ਵਿਚ ਖਿੱਚ
'ਖਿੱਚ' ਵਿਚ ਨਸ਼ਾ,

'ਨਸ਼ੇ' ਵਿਚ ਮਸਤੀ,
ਮਸਤੀ ਵਿਚ ਚਾਓ,
ਚਾਓ ਵਿਚ ਖੇੜਾ,
ਖੇੜੇ ਵਿਚ ਅਸਚਰਜਤਾ,
ਅਸਚਰਜਤਾ ਵਿਚ 'ਵਾਹੁ-ਵਾਹੁ'

ਅਤੇ, ਇਸ 'ਵਾਹੁ-ਵਾਹੁ' ਦੁਆਰਾ —

ਅੰਮ੍ਰਿਤ ਦਾ 'ਝਿੱਮ-ਝਿੱਮ' ਵਰਸਨਾ,
ਸ਼ਬਦ ਦਾ 'ਗੱਜਨਾ',
ਨਾਮ ਦੀ 'ਰੁਣ-ਝੁਣ',
'ਪ੍ਰਿਮ-ਪਿਆਲੇ' ਦੀ ਮਸਤੀ,
ਮਸਤੀ ਦਾ 'ਸਹਿਜ',
ਗੁਰ ਪ੍ਰਸਾਦਿ

ਆਦਿ ਅਨੇਕਾਂ 'ਆਤਮਿਕ ਦਾਤਾਂ ਦੇ ਕ੍ਰਿਸ਼ਮੇ ਭੀ ਇਲਾਹੀ ਬਖਸ਼ਿਸ਼ ਜਾਂ ਰੱਬੀ 'ਕਰਾਮਾਤ' ਦੇ 'ਪ੍ਰਤੀਕ' ਹਨ ।

ਏਸੇ ਤਰ੍ਹਾਂ, ਬਾਹਰ ਮੁਖੀ ਕੁਦਰਤ ਵਿਚ —

ਪਹੁ-ਫੁਟਣੀ,
ਸੂਰਜ ਦੀ ਚਾਲ,
ਸੂਰਜ ਦੀ ਲਾਲੀ,
ਸੂਰਜ ਦਾ ਛੁਪਣਾ,
ਰਾਤ ਦਾ ਹਨੇਰਾ,
ਹਵਾ ਦੀ 'ਸ਼ਾਂ ਸ਼ਾਂ' ਵਿਚ,
ਪਾਣੀ ਦੀ ਲੱਵ-ਲੱਵ ਵਿਚ,
ਚਿੜੀਆਂ ਦੀ 'ਚੂੰ ਚੂੰ' ਵਿਚ,
ਬੱਚੇ ਦੇ 'ਰੋਣ' ਵਿਚ,
ਖੁਸ਼ੀ ਦੇ ਹਾਸੇ ਵਿਚ,
ਹਾਸੇ ਦੇ ਪ੍ਰਗਟਾਵੇ ਵਿਚ,
ਜੀਵਨ ਦੀ 'ਰਵਾਨਗੀ' ਵਿਚ,
ਰਵਾਨਗੀ ਦੇ 'ਜੋਬਨ' ਵਿਚ,
ਜੋਬਨ ਦੀ 'ਮਸਤੀ' ਵਿਚ,

ਮਸਤੀ ਦੇ 'ਨਸ਼ੇ' ਵਿਚ
ਅੱਖ ਦੀ 'ਤੱਕਣੀ' ਵਿਚ,
ਤੱਕਣੀ ਦੇ 'ਕਟਾਖ' ਵਿਚ,
ਕੁਦਰਤ ਦੇ 'ਸੋਹਪਣ' ਵਿਚ,
ਸੋਹਪਣ ਦੀ 'ਕੋਮਲਤਾ' ਵਿਚ,
ਕੋਮਲਤਾ ਦੀ 'ਨਜ਼ਾਕਤ' ਵਿਚ,
ਨਜ਼ਾਕਤ ਦੀ 'ਅਦਾ' ਵਿਚ,
ਅਦਾ ਦੇ 'ਜਾਦੂ' ਵਿਚ,
ਫੁਲ ਦੀ 'ਰੰਗਤ' ਵਿਚ,
ਫੁਲ ਦੇ 'ਖੇੜੇ' ਵਿਚ
ਫੁਲ ਦੀ 'ਕੋਮਲਤਾ' ਵਿਚ,
ਫੁਲ ਦੀ 'ਖੁਸ਼ਬੋ' ਵਿਚ

ਆਦਿ, ਅਨੇਕਾਂ ਕੁਦਰਤੀ ਕ੍ਰਿਸ਼ਮਿਆਂ ਵਿਚ ਭੀ, ਇਲਾਹੀ 'ਕਰਾਮਾਤ' ਦਾ ਹੀ, ਅਕਸ ਅਤੇ ਪ੍ਰਗਟਾਵਾ ਹੈ ।

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ (**ਪੰਨਾ**-726)

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ ਰਹਾਉ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥
ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥
ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥
ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥ (**ਪੰਨਾ**-23)